੦੦੨

ਧਰਮ ਕੀ ਹੈ?

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਧਰਮ ਕੁਦਰਤ ਦੇ ਨਿਯਮਾਂ ਨੂੰ ਧਾਰਨ ਕਰਨ ਦੀ ਕ੍ਰਿਆ ਹੈ। ਧਰਮ ਜਦੋਂ ਅਨਪੜ੍ਹ ਬੰਦਿਆਂ ਦੇ ਹੱਥ ਵਿੱਚ ਹੁੰਦਾ ਹੈ ਤਾਂ ਇਹ ਮੜ੍ਹੀਆਂ, ਮਸਾਣਾਂ, ਬੁੱਤ-ਪ੍ਰਸਤੀ ਅਤੇ ਡੇਰਾਵਾਦ ਨੂੰ ਜਨਮ ਦਿੰਦਾ ਹੈ। ਜਦੋਂ ਇਹ ਕਲਾਕਾਰਾਂ ਜਾਂ ਮੂਰਤੀਕਾਰਾਂ ਦੇ ਹੱਥ ਹੁੰਦਾ ਹੈ ਤਾਂ ਵੱਡੇ-ਵੱਡੇ ਧਾਰਮਿਕ ਸਥਾਨਾਂ ਨੂੰ ਜਨਮ ਦਿੰਦਾ ਹੈ ਤੇ ਕੀਮਤੀ ਮੂਰਤੀਆਂ ਸਥਾਪਿਤ ਹੁੰਦੀਆਂ ਹਨ। ਜਦੋਂ ਧਰਮ ਦੀ ਵਾਗ-ਡੋਰ ਨਿਰੋਲ ਵਿਦਵਾਨਾਂ ਹੱਥ ਆਉਂਦੀ ਹੈ ਤਾਂ ਕਿਤਾਬਾਂ ਅਤੇ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣਦਾ ਹੈ ਅਤੇ ਗੋਸ਼ਟੀਆਂ ਰਾਹੀਂ ਅਨੇਕਾਂ ਵਾਦ-ਵਿਵਾਦਾਂ ਨੂੰ ਜਨਮ ਦਿੰਦਾ ਹੈ। ਪਰ ਜੇ ਕਿਤੇ ਬਦ-ਕਿਸਮਤੀ ਨਾਲ ਰਾਜਨੀਤਕਾਂ ਦੇ ਵੱਸ ਪੈ ਜਾਵੇ ਤਾਂ ਸਮਝੋ ਨਸਲੀ ਫਸਾਦ, ਧਾਰਮਿਕ ਆਕੀਦੇ ਵਾਲੇ ਲੋਕਾਂ ਦਾ ਕਤਲਿਆਮ ਅਤੇ ਆਮ ਜਨਤਾ ਦੀ ਹਰ ਪੱਖੋਂ ਦੁਰਦਸ਼ਾ ਹੁੰਦੀ ਹੈ।

ਪੂਰੇ ਜਗਤ ਦੇ ਸਮੁੱਚੇ ਧਰਮਾਂ ਦਾ ਮੁੱਢਲਾ ਇਸ਼ਟ ਅਤੇ ਉਪਦੇਸ਼ ਇੱਕ ਸੋਮੇ ਅਕਾਲ ਪੁਰਖ ਤੋਂ ਆਇਆ ਹੈ ਪਰ ਇਨਸਾਨ ਆਪਣੀ ਹਉਮੈ ਦੇ ਪ੍ਰਭਾਵ ਥੱਲੇ ਤੱਤ-ਵਿਚਾਰਧਾਰਾ, ਮਰਿਆਦਾ ਅਤੇ ਸਿਧਾਂਤ ਨੂੰ ਆਪਣੇ ਮਨ ਦੀ ਰੰਗਤ ਅਨੁਸਾਰ ਬਦਲ ਦਿੰਦਾ ਹੈ, ਜੋ ਸਾਰੇ ਜਗਤ ਵਿੱਚ ਫਿਰਕਾਪ੍ਰਸਤੀ ਦਾ ਕਾਰਨ ਬਣਦਾ ਹੈ। ਰਾਜਨੀਤਿਕ ਲੋਕ ਆਪਣੀ ਹਉਮੈ ਦੇ ਪ੍ਰਭਾਵ ਥੱਲੇ, ਆਪਣੀਆਂ ਉਕਤੀਆਂ-ਜੁਗਤੀਆਂ ਅਤੇ ਸਿਆਣਪਾਂ ਨਾਲ, ਧਰਮ ਦੀ ਸਹੀ ਵਿਚਾਰਧਾਰਾ ਨੂੰ ਤੋੜ-ਮਰੋੜ ਕੇ ਆਪਣੇ ਮਨ ਦੀਆਂ ਰੁਚੀਆਂ ਅਥਵਾ ਰੰਗਤ ਅਨੁਸਾਰ ਘੜ੍ਹ ਕੇ ਨਿੱਜੀ, ਮਾਇਕੀ, ਸਮਾਜਿਕ, ਰਾਜਸੀ ਸੁਆਰਥ ਜਾਂ ਭਾਵਕ ਨਿਸ਼ਚਿਆਂ ਲਈ ਵਰਤਦੇ ਹਨ। ਇਸ ਤਰ੍ਹਾਂ ਸਮਾਂ ਪਾ ਕੇ ਧਰਮ ਦੇ ਅਸਲੀ ਆਤਮਿਕ ਗੁੱਝੇ ਭੇਦ ਅਤੇ ਤੱਤ ਅਲੋਪ ਹੋ ਜਾਂਦੇ ਹਨ ਅਤੇ ਸਾਡੇ ਪੱਲੇ ਕੇਵਲ ਧਰਮ ਦੇ ਆਪ੍ਹੂੰ ਘੜੇ ਹੋਏ ਸਿਧਾਂਤ ਅਤੇ ਵਿਚਾਰਧਾਰਾ ਹੀ ਰਹਿ ਜਾਂਦੀ ਹੈ।

- ਫੋਕਟਿ ਧਰਮੀ ਭਰਮਿ ਭੁਲਾਵੈ। (ਭਾ:ਗੁ: ਵਾਰ ੧ ਪਉੜੀ ੮)

ਫਿਰ ਸਾਡੇ ਧਰਮ ਦੀ ਵਿਚਾਰਧਾਰਾ ਜਾਂ ਨਿਸ਼ਚੇ, ਹਰ ਇੱਕ ਦੇ ਆਪੋ ਆਪਣੇ, ਭਿੰਨ ਭਿੰਨ ਹੋਣ ਕਰਕੇ ਧਰਮਾਂ ਦੇ ਅੱਡ-ਅੱਡ ਫ਼ਿਰਕੇ ਬਣ ਜਾਂਦੇ ਹਨ ਜੋ ਆਪਣੇ ਆਪ ਨੂੰ ਦੂਜਿਆਂ ਤੋਂ ਚੰਗੇਰਾ ਅਤੇ ਅਸਲੀ ਹੋਣ ਦਾ ਦਾਅਵਾ ਕਰਦੇ ਹਨ।

ਇੰਜ, ਹਉਮੈ ਦੇ ਭਰਮ-ਭੁਲਾਵੇ ਦੇ ਆਧਾਰ 'ਤੇ ਫਿਰਕਾਪ੍ਰਸਤੀ, ਮਜ਼ਹਬੀ ਤਅੱਸੁਬ ਅਤੇ ਨਫ਼ਰਤ ਵੱਧਦੀ ਹੀ ਜਾਂਦੀ ਹੈ। ਨਿੱਜੀ ਵੈਰ-ਵਿਰੋਧ ਤਾਂ ਕੁੱਝ ਬੰਦਿਆਂ ਤੱਕ ਹੀ ਸੀਮਤ ਰਹਿੰਦਾ ਹੈ ਪਰ ''ਮਜ਼ਹਬੀ-ਤਅੱਸੁਵ'' ਅਥਵਾ ਧਾਰਮਿਕ ਕੱਟੜਤਾ ਦੇ ਭਾਂਬੜ ਤਾਂ ਕੌਮਾਂ, ਮੁਲਕਾਂ ਅਤੇ ਵਿਸ਼ਵ ਨੂੰ ਆਪਣੀ ਲਪੇਟ ਵਿੱਚ ਲੈ ਆਉਂਦਾ ਹੈ।

ਨਿੱਜੀ ਈਰਖਾ-ਦਵੈਤ ਤਾਂ ਸਮਾਂ ਪਾ ਕੇ ਕਿਸੇ ਤਰ੍ਹਾਂ ਬਦਲ ਜਾਂਦੀ ਹੈ ਜਾਂ ਠੰਡੀ ਪੈ ਜਾਂਦੀ ਹੈ ਪਰ ''ਮਜ਼ਹਬੀ-ਤਅੱਸੁਵ'' ਦੀ ਅਗਨੀ ਤਾਂ ਨਸਲਾਂ ਕੌਮਾਂ, ਦੇਸ਼ਾਂ ਦੇ ਰਗੋ-ਰੇਸ਼ੇ ਵਿੱਚ ਧੱਸ-ਵੱਸ-ਰਸ ਜਾਂਦੀ ਹੈ। ਇਹ ਅਗਨੀ ਜਵਾਲਾਮੁਖੀ ਵਾਂਗ ਸਾਰੇ ਸੰਸਾਰ ਅੰਦਰ ਕਿਸੇ ਨਾ ਕਿਸੇ ਸ਼ਕਲ ਅੰਦਰ ਮੁੜ-ਮੁੜ ਫੁੱਟਦੀ ਰਹਿੰਦੀ ਹੈ।

ਇਸ ''ਮਜ਼ਹਬੀ-ਤਅੱਸੁਵ'' ਅਧੀਨ ਆਦਿ ਤੋਂ ਹੀ ਭਗਤਾਂ, ਸੰਤਾਂ, ਧਰਮੀਆਂ, ਭੋਲੇ-ਭਾਲੇ ਨਿਰਦੋਸ਼ ਮਨੁੱਖ, ਇਸਤਰੀਆਂ ਅਤੇ ਬੱਚਿਆਂ ਉੱਤੇ ਅਸਹਿ ਤਸੀਹੇ ਤੇ ਜ਼ੁਲਮ ਕੀਤੇ ਜਾਂਦੇ ਰਹੇ ਹਨ ਜਿੰਨ੍ਹਾਂ ਨਾਲ ਸੰਸਾਰ ਦਾ ਇਤਿਹਾਸ ਭਰਿਆ ਹੋਇਆ ਹੈ। ਕੁੱਝ ਮਿਸਾਲਾਂ ਟੂਕ ਮਾਤਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ:

- ਭਗਤ ਪ੍ਰਹਿਲਾਦ ਨੂੰ ਉਸਦੇ ਪਿਤਾ ਹਰਨਾਖ਼ਸ਼ ਨੇ ਅਨੇਕਾਂ ਤਸੀਹੇ ਦਿੱਤੇ।

- ਈਸਾ ਮਸੀਹ ਨੂੰ ਸੂਲੀ ਚਾੜਿਆ ਗਿਆ।

- ਹਜ਼ਰਤ ਮੁਹੰਮਦ ਸਾਹਿਬ ਨੂੰ ਅਤਿਅੰਤ ਵੈਰ-ਵਿਰੋਧ ਕਰਕੇ ਤੰਗ ਕੀਤਾ ਗਿਆ।

- ਭਗਤ ਕਬੀਰ ਜੀ ਨੂੰ ਦਰਿਆ ਵਿੱਚ ਰੋੜ੍ਹਿਆ ਗਿਆ।

- ਭਗਤ ਨਾਮਦੇਵ ਜੀ ਨੂੰ ਜਬਰਦਸਤੀ ਮਰੀ ਹੋਈ ਗਊ ਜੀਵਾਲਣ ਲਈ ਮਜ਼ਬੂਰ ਕੀਤਾ ਗਿਆ।

- ਮੁਸਲਮਾਨਾਂ ਵਿੱਚ ਸ਼ੀਆ-ਸੁੰਨੀ ਅਤੇ ਅਹਿਮਦੀਆਂ, ਸੂਫ਼ੀਆਂ ਉਤੇ ਬੇਅੰਤ ਜ਼ੁਲਮ ਹੋਏ ਤੇ ਹੋ ਰਹੇ ਹਨ।

- ਈਸਾਈਆਂ ਦੇ ਕੈਥੋਲਿਕ ਅਤੇ ਪ੍ਰੋਟੈਸਟੈਂਟ ਵਿਚਕਾਰ ਜਹਾਦ ਦੇ ਨਾਂ ਤੇ ਬੇਅੰਤ ਖਲਕਤ ਦਾ ਖ਼ੂਨ-ਖਰਾਬਾ ਹੋਇਆ ਅਤੇ ਹੋ ਰਿਹਾ ਹੈ।

- ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ ਸ਼ਹੀਦ ਕੀਤਾ ਗਿਆ।

- ਗੁਰੂ ਤੇਗ ਬਹਾਦਰ ਜੀ ਦਾ ਸੀਸ ਕਤਲ ਕਰਕੇ ਸ਼ਹੀਦ ਕੀਤਾ ਗਿਆ।

- ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰਿਆ ਤੇ ਸ਼ਹੀਦ ਕੀਤਾ।

- ਭਾਈ ਦਿਆਲਾ ਜੀ ਨੂੰ ਤੱਤੇ ਪਾਣੀ ਵਿੱਚ ਉਬਾਲਿਆ ਗਿਆ।

- ਭਾਈ ਸਤੀ ਦਾਸ ਨੂੰ ਰੂੰ ਵਿੱਚ ਤੇਲ ਪਾ ਕੇ ਸਾੜਿਆ ਗਿਆ।

- ਔਰੰਗਜੇਬ ਦੇ ਰਾਜ ਵਿੱਚ ਹਜ਼ਾਰਾਂ ਹਿੰਦੂਆਂ ਨੂੰ ਜਬਰਦਸਤੀ ਮੁਸਲਮਾਨ ਕੀਤਾ ਜਾਂ ਮਾਰਿਆ ਗਿਆ।

- ਹੋਰ ਅਨੇਕਾਂ ਸੰਤਾਂ, ਭਗਤਾਂ, ਮਹਾਂਪੁਰਸ਼ਾਂ ਅਤੇ ਨਿਰਦੋਸ਼ ਜਨਤਾ ਤੇ ਮਜ਼ੂਬੀ ਜਨੂੰਨ ਅਧੀਨ ਅਕਹਿ ਤਸੀਹੇ ਦੇ ਕੇ ਜ਼ੁਲਮ ਕੀਤੇ ਗਏ।

- ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਕੇ ਸ਼ਹੀਦ ਕੀਤਾ ਗਿਆ।

- ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟੇ ਗਏ।

- ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀਆਂ ਨਾਲ ਉਤਾਰੀ ਗਈ।

- ੧੯੪੭ ਵਿੱਚ ਬਟਵਾਰੇ ਵੇਲੇ ਜੋ ਖ਼ੂਨ-ਖਰਾਬਾ ਤੇ ਜ਼ੁਲਮ ਹੋਏ, ਲੱਖਾਂ ਲੋਕ ਮਰੇ, ਬੇਘਰ ਹੋਏ ਸਭ ਨੂੰ ਯਾਦ ਹੈ।

- ਦੋ ਵੱਡੀਆਂ ਵਿਸ਼ਵ ਜੰਗਾਂ ਵਿੱਚ ਜੋ ਖ਼ੂਨ-ਖਰਾਬਾ ਹੋਇਆ ਉਹ ਸਭ ਦੇ ਸਾਹਮਣੇ ਹੈ।

ਸਮੁੱਚੇ ਜਗਤ ਦੀ ''ਮਜ਼ਹਬੀ-ਤਅੱਸੁਬ'' ਕਾਰਨ ਵਿਗੜੀ ਹਾਲਤ ਨੂੰ ਭਾਈ ਗੁਰਦਾਸ ਜੀ ਇੰਜ ਦਰਸਾਉਂਦੇ ਹਨ:

- ਉਠੇ ਗਿਲਾਨਿ ਜਗਤ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ॥
ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ॥
ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ॥ (ਭਾ: ਗੁ: ਵਾਰ ੧ ਪਉੜੀ ੧੭)

- ਭਈ ਗਿਲਾਨਿ ਜਗਤ ਵਿਚ ਚਾਰ ਵਰਨ ਆਸ੍ਰਮ ਉਪਾਏ॥
ਦਸ ਨਾਮਿ ਸੰਨਿਆਸੀਆਂ ਜੋਗੀ ਬਾਰਹ ਪੰਥਿ ਚਲਾਏ॥
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦਿ ਕਰਾਏ॥
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ॥

ਖਟਿ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ॥
ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ॥ (ਭਾ: ਗੁ: ਵਾਰ ੨ ਪਉੜੀ ੧੯)